Tender Heart High School, class-V (Punjabi)

Topic - "ਕੋਟਲਾ ਛਪਾਕੀ ਦੀ ਖੇਡ"

Gurpreet Kaur

ਪਾਠ- 5 (ਸਾਹਿਤ)

## ਕੋਟਲਾ ਛਪਾਕੀ ਦੀ ਖੇਡ (ਪਾਠ-5)


**ਜਾਣ- ਪਛਾਣ :-**

ਵਿਦਿਆਰਥੀਓ ਇਸ ਪਾਠ ਵਿੱਚ ਅਸੀਂ ਪੰਜਾਬ ਦੀਆਂ ਦੇਸੀ ਖੇਡਾਂ ਵਿੱਚੋਂ ਇੱਕ ਖੇਡ ਕੋਟਲਾ ਛਪਾਕੀ ਬਾਰੇ ਪੜ੍ਹਾਂਗੇ। ਬੱਚੇ ਇਸ ਖੇਡ ਨੂੰ ਅਜੇ ਵੀ ਪਿੰਡਾਂ ਵਿੱਚ ਬੜੇ ਚਾਅ ਨਾਲ ਖੇਡਦੇ ਹਨ ਅਤੇ ਖ਼ੁਸ਼ ਹੁੰਦੇ ਹਨ। ਇਸ ਖੇਡ ਨੂੰ ਖੇਡਣ ਲਈ ਕਿਸੇ ਵਿਸ਼ੇਸ਼ ਗਰਾਊਂਡ ਦੀ ਲੋੜ ਨਹੀਂ ਹੁੰਦੀ, ਇਹ ਖੇਡ ਜਿੱਥੇ ਮਰਜ਼ੀ, ਜਦੋਂ ਮਰਜ਼ੀ ਖੇਡੀ ਜਾ ਸਕਦੀ ਹੈ।

**ਸਾਰ :-**

ਇਸ ਪਾਠ ਅਨੁਸਾਰ ਪਿੰਡ ਦੇ ਕਈ ਬੱਚੇ ਜਿਵੇਂ ਕਿ ਚੀਨੂ, ਮਨੂੰ, ਰਾਹੁਲ, ਰੋਹਿਤ, ਹਰਸੂ, ਇਆਨ, ਸੋਢੀ, ਅਮਰ ਅਤੇ ਕੰਵਰ ਆਦਿ ਇੱਕ ਖੁੱਲ੍ਹੀ ਥਾਂ ਤੇ ਇਕੱਠੇ ਹੁੰਦੇ ਹਨ। ਰੋਹਿਤ ਸਾਰੇ ਬੱਚਿਆਂ ਨੂੰ ਕੋਟਲਾ ਛਪਾਕੀ ਖੇਡ ਖੇਡਣ ਲਈ ਕਹਿੰਦਾ ਹੈ। ਫਿਰ ਕੰਵਰ ਕਹਿੰਦਾ ਹੈ ਕਿ ਇਸ ਵਾਸਤੇ ਤਾਂ ਚੁੰਨੀ ਜਾਂ ਪਟਕੇ ਦੀ ਲੋੜ ਪਵੇਗੀ ਤਾਂ ਹਰਸੂ ਕਹਿੰਦੀ ਹੈ ਕਿ ਉਹ ਆਪਣੀ ਮੰਮੀ ਦੀ ਚੁੰਨੀ ਲਿਆਵੇਗੀ। ਫਿਰ ਉਹਨਾਂ ਨੇ ਚੁੰਨੀ ਨੂੰ ਵੱਟ ਦੇ ਕੇ ਉਸਦਾ ਕੋਰੜਾ ਤਿਆਰ ਕਰ ਲਿਆ। ਤਸਵੀਰ ਵਿੱਚ ਜੋ ਕੱਪੜਾ ਲੜਕੀ ਨੇ ਫੜਿਆ ਹੈ, ਉਸ ਨੂੰ ਕੋਰੜਾ ਕਹਿੰਦੇ ਹਨ।

ਕੋਰੜਾ →
(ਕੋਟਲਾ)



ਕੋਟਲਾ ਛਪਾਕੀ ਖੇਡਦੇ ਬੱਚਿਆਂ ਦੀ ਤਸਵੀਰ

Tender Heart High School, Class V (Punjabi)

Topic - "ਕੋਟਲਾ ਛਪਾਕੀ ਦੀ ਖੇਡ"

ਪਾਠ-5

(Gurpreet Kaur)

ਸਾਰੇ ਬੱਚੇ ਇੱਕ ਗੋਲ ਚੱਕਰ ਵਿੱਚ ਅੱਖਾਂ ਬੰਦ ਕਰਕੇ ਬੈਠ ਜਾਂਦੇ ਹਨ। ਰਾਹੁਲ ਨੇ ਵਾਰੀ ਦੇਣੀ ਸ਼ੁਰੂ ਕੀਤੀ ਅਤੇ ਆਪਣੇ ਹੱਥ ਵਿੱਚ ਕੋਰੜਾ ਵੀ ਫੜ੍ਹ ਲਿਆ। ਉਹ ਗੋਲ ਚੱਕਰ ਬਣਾਕੇ ਬੈਠੇ ਬੱਚਿਆਂ ਦੇ ਦੁਆਲੇ ਘੁੰਮਣ ਲੱਗਾ ਅਤੇ ਨਾਲ ਹੀ ਇਹ ਗੀਤ ਵੀ ਗਾਉਣ ਲੱਗ ਪਿਆ, " ਕੋਟਲਾ ਛਪਾਕੀ ਜੁੰਮੇ ਰਾਤ ਆਈ ਜੇ,
ਜਿਹੜਾ ਪਿੱਛੇ ਮੁੜਕੇ ਦੇਖੇ ਉਹਦੀ ਸ਼ਾਮਤ
ਆਈ ਜੇ।"

ਫਿਰ ਰਾਹੁਲ ਘੁੰਮਦਾ- ਘੁੰਮਦਾ ਇਹ ਕੋਰੜਾ ਮਨੂੰ ਦੇ ਪਿੱਛੇ ਰੱਖ ਦਿੰਦਾ ਹੈ। ਮਨੂੰ ਨੂੰ ਇਸ ਗੱਲ ਦਾ ਪਤਾ ਨਾ ਲੱਗਿਆ। ਫਿਰ ਰਾਹੁਲ ਗੇੜਾ ਕੱਢਕੇ ਫਿਰ ਉਸ ਕੋਲ ਪਹੁੰਚ ਜਾਂਦਾ ਹੈ ਅਤੇ ਉਸਨੂੰ ਉਠਾਕੇ ਆਪਣੇ ਅੱਗੇ- ਅੱਗੇ ਭਜਾਉਂਦਾ ਹੈ ਅਤੇ ਉਸਦੀ ਪਿੱਠ ਤੇ ਤਦ ਤੱਕ ਕੋਰੜਾ ਮਾਰਦਾ ਰਹਿੰਦਾ ਹੈ ਜਦੋਂ ਤੱਕ ਉਹ ਦੁਬਾਰਾ ਜਾਕੇ ਆਪਣੀ ਥਾਂ ਤੇ ਨਹੀਂ ਬੈਠ ਜਾਂਦਾ। ਰਾਹੁਲ ਫਿਰ ਕੋਰੜਾ ਲੈਕੇ ਬੱਚਿਆਂ ਦੇ ਪਿੱਛੇ ਘੁੰਮਣ ਲੱਗਦਾ ਹੈ ਅਤੇ ਫਿਰ ਉੱਪਰ ਲਿਖਿਆ ਗੀਤ ਗਾਉਂਦਾ ਹੈ। ਇਸ ਵਾਰ ਉਹ ਕੋਰੜਾ ਸੋਢੀ ਦੇ ਪਿੱਛੇ ਸੁੱਟ ਦਿੰਦਾ ਹੈ। ਪਰ ਸੋਢੀ ਹੱਥ ਮਾਰਕੇ ਪਿੱਛੇ ਦੇਖ ਲੈਂਦਾ ਹੈ, ਉਹ ਹੁਣ ਰਾਹੁਲ ਨੂੰ ਆਪਣੇ ਅੱਗੇ- ਅੱਗੇ ਭਜਾਉਂਦਾ ਹੈ ਅਤੇ ਉਸਦੀ ਪਿੱਠ ਤੇ ਕੋਰੜਾ ਮਾਰਦਾ ਹੈ। ਇਸੇ ਤਰ੍ਹਾਂ ਹੁਣ ਸੋਢੀ ਦੀ ਕੋਰੜਾ ਲੈਕੇ ਘੁੰਮਣ ਦੀ ਵਾਰੀ ਆ ਜਾਂਦੀ ਹੈ। ਇਹ ਖੇਡ ਬੱਚਿਆਂ ਦੀ ਮਨਭਾਉਂਦੀ ਖੇਡ ਹੈ।

ਵਿਦਿਆਰਥੀ ਇਸ ਪਾਠ ਅਤੇ ਉਸਦੇ ਸਾਰ ਨੂੰ ਧਿਆਨ ਨਾਲ ਪੜ੍ਹਨਗੇ ਅਤੇ ਸਮਝਣਗੇ।

Homework (ਘਰ ਦਾ ਕੰਮ):-

1) ਵਿਦਿਆਰਥੀ ਇਸ ਪਾਠ ਦੇ ਸ਼ਬਦ-ਅਰਥ ਕਾਪੀਆਂ ਵਿੱਚ ਲਿਖਣਗੇ।

2) ਅਭਿਆਸਮਾਲਾ ਵਿੱਚੋਂ ਬਹੁਵਿਕਲਪੀ ਪ੍ਰਸ਼ਨ (Pg-26) ਅਤੇ ਵਾਕਾਂ ਵਿੱਚ ਵਰਤੋ (Pg-26), ਖ਼ਾਲੀ ਥਾਵਾਂ ਭਰੋ (Pg-27) ਕਿਤਾਬਾਂ ਵਿੱਚ ਹੀ ਹੱਲ ਕਰਨਗੇ।

ਪੰਨਾ ਨੰਬਰ-(26) ਪਾਠ-5
"ਕੋਟਲਾ ਛਪਾਕੀ ਦੀ ਖੇਡ"

★ ਬਹੁਵਿਕਲਪੀ ਪ੍ਰਸ਼ਨ (ਕਿਤਾਬਾਂ ਵਿੱਚ ਕਰੋ)

(ੳ) ਕੱਪੜੇ ਦਾ (ਅ) ਗੋਲ ਚੱਕਰ ਵਿੱਚ (ੲ) ਪਿੱਛੇ (ਸ) ਹੱਸ ਮਾਰ ਕੇ

1★ ਲਿਖਤੀ (ਪ੍ਰਸ਼ਨ- ਉੱਤਰ) (ਕਾਪੀਆਂ ਵਿੱਚ ਲਿਖੋ)

(ੳ) ਕੋਟਲਾ ਛਪਾਕੀ ਖੇਡ ਖੇਡਣ ਲਈ ਚੀਨੂ, ਮਨੂ, ਰਾਹੁਲ, ਰੋਹਿਤ, ਹਰਮੂ, ਇਆਨ, ਮੋਚੀ, ਅਮਰ ਅਤੇ ਰੰਵਰ ਇਕੱਠੇ ਹੋਏ ਸਨ।

(ਅ) ਉਨ੍ਹਾਂ ਨੇ ਹਰਮੂ ਦੀ ਮੰਮੀ ਦੀ ਚੁੰਨੀ ਨੂੰ ਵੱਟ ਦੇ ਕੇ ਉਸਦਾ ਕੋਰੜਾ ਬਣਾਇਆ।

(ੲ) ਰਾਹੁਲ ਮਨੂ ਨੂੰ ਕੋਰੜੇ ਮਾਰਦਾ ਰਿਹਾ।

(ਸ) ਰਾਹੁਲ ਨੇ ਮੋਚੀ ਕੋਲੋਂ ਕੋਰੜੇ ਖਾਧੇ।

2★ ਵਾਕਾਂ ਵਿੱਚ ਵਰਤੋ:- (ਕਿਤਾਬਾਂ ਵਿੱਚ ਕਰੋ)

- ਪਟਕਾ - ਬੱਚੇ ਨੇ ਬਹੁਤ ਸੁਹਣਾ ਪਟਕਾ ਬੰਨ੍ਹਿਆ ਸੀ।
- ਚੱਕਰ - ਬੱਚੇ ਗੋਲ ਚੱਕਰ ਬਣਾਕੇ ਬੈਠੇ ਸਨ।
- ਕੋਰੜਾ - ਅਸੀ ਕੋਰੜੇ ਨਾਲ ਖੇਡ ਖੇਡੀ ਸੀ।

3★ ਖ਼ਾਲੀ ਥਾਵਾਂ ਭਰੋ:- (ਕਿਤਾਬਾਂ ਵਿੱਚ ਲਿਖੋ)

(ੳ) ਚੁੰਨੀ (ਅ) ਚੱਕਰ (ੲ) ਘੁੰਮਣ (ਸ) ਮਨੂ

Tender Heart High School, Class- V (Punjabi)

ਪਾਠ-5 — "ਰੋਟਲਾ ਛਪਾਕੀ ਦੀ ਖੇਡ" (Gurpreet Kaur)

4.* ਹੇਠ ਦਿੱਤੇ ਸ਼ਬਦ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :-
(ਕਿਤਾਬਾਂ ਵਿੱਚ ਕਰੋ)

(2) मित्र - friend

(3) वृत्त - Circle

(4) पीछे - behind

(5) खेल - Sport

(ਵਿਆਕਰਣ)-(ਕਿਤਾਬਾਂ ਵਿੱਚ ਕਰੋ)

1. ਬਹੁ-ਵਿਕਲਪੀ ਪ੍ਰਸ਼ਨ :-
(ੳ) ਬੱਠੀ (ਅ) ਕੋਰੜੇ (ੲ) ਅੱਗੇ

2. ਵਚਨ ਬਦਲੋ :-
2) ਖੇਡ - ਖੇਡਾਂ 3) ਚੁੰਨੀ - ਚੁੰਨੀਆਂ

4) ਪਟਕਾ - ਪਟਕੇ 5) ਕੋਰੜਾ - ਕੋਰੜੇ

3. ਵਿਰੋਧੀ ਸ਼ਬਦ ਲਿਖੋ :-
2) ਅੱਜ - ਕੱਲ੍ਹ 3) ਆਉਂਦੀ - ਜਾਂਦੀ

3) ਇੱਕ - ਅਨੇਕ 4) ਬੱਚਾ - ਬੁੱਢਾ

ਰਚਨਾਤਮਕ ਗਤੀਵਿਧੀਆਂ (ਕਿਤਾਬਾਂ ਵਿੱਚ ਲਿਖੋ)

1. ਰੋਟਲਾ ਛਪਾਕੀ ਪੰਜਾਬ ਦੀ ਦੇਸੀ ਖੇਡ ਹੈ।
2. ਇਸ ਖੇਡ ਨਾਲ ਕਸਰਤ ਵੀ ਹੋ ਜਾਂਦੀ ਹੈ।
3. ਇਹ ਖੇਡ ਕਿਸੇ ਵੀ ਖੁੱਲ੍ਹੇ ਥਾਂ ਵਿੱਚ ਖੇਡੀ ਜਾ ਸਕਦੀ ਹੈ।
4. ਇਸਨੂੰ ਖੇਡਣ ਲਈ ਕੋਰੜੇ ਦੀ ਲੋੜ ਪੈਂਦੀ ਹੈ।
5. ਬੱਚੇ ਇਹ ਖੇਡ ਸ਼ੌਕ ਨਾਲ ਖੇਡਦੇ ਹਨ। (Last page-4)

ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਪੰਜਵੀਂ ਜਮਾਤ ਦੇ ਪੰਜਾਬੀ ਵਿਆਕਰਣ ਦੇ ਵਿਸ਼ੇ ਨਾਲ ਸੰਬੰਧਿਤ ਪਾਠ- 9 "ਨਾਂਵ-ਲਿੰਗ" ਦੇ ਬਾਰੇ ਜਾਣਕਾਰੀ ਦੇਵਾਂਗੀ। ਇਹ ਪਾਠ ਤੁਹਾਡੀ "ਸਿਰਜਨ ਪੰਜਾਬੀ ਵਿਆਕਰਣ ਅਤੇ ਲੇਖ ਰਚਨਾ" ਪੁਸਤਕ ਦੇ ਪੰਨਾ ਨੰਬਰ- 37 ਤੇ ਦਰਜ ਹੈ। ਜੇ, ਸਾਰੇ ਵਿਦਿਆਰਥੀ ਆਪਣੀਆਂ ਕਿਤਾਬਾਂ ਅਤੇ ਕਾਪੀਆਂ ਲੈਕੇ ਤਿਆਰ ਹਨ, ਤਾਂ ਆਓ ਅਸੀਂ ਅੱਜ ਦਾ ਪਾਠ ਪੜ੍ਹਨਾ ਸ਼ੁਰੂ ਕਰੀਏ।

**ਲਿੰਗ :-** ਜਿਹੜੇ ਸ਼ਬਦਾਂ ਤੋਂ ਪੁਰਸ਼ ਅਤੇ ਇਸਤਰੀ ਦੇ ਅੰਤਰ ਦਾ ਪਤਾ ਲੱਗੇ, ਉਹਨਾਂ ਨੂੰ ਲਿੰਗ ਕਿਹਾ ਜਾਂਦਾ ਹੈ। ਲਿੰਗ ਦੇ ਦੋ ਪ੍ਰਕਾਰ ਹਨ:-

1) **ਪੁਲਿੰਗ :-** ਇਹ ਸ਼ਬਦ ਪੁਰਸ਼ਾਂ ਲਈ ਵਰਤੇ ਜਾਂਦੇ ਹਨ। ਜਿਵੇਂ ਕਿ :- ਮੁੰਡਾ, ਪਿਤਾ ਜੀ, ਦਾਦਾ ਜੀ, ਮੁਰਗਾ, ਮੋਰ ਆਦਿ।

2) **ਇਸਤਰੀ- ਲਿੰਗ :-** ਇਹ ਸ਼ਬਦ ਇਸਤਰੀਆਂ ਲਈ ਵਰਤੇ ਜਾਂਦੇ ਹਨ। ਜਿਵੇਂ ਕਿ ਕੁੜੀ, ਮਾਤਾ ਜੀ, ਦਾਦੀ ਜੀ, ਮੁਰਗੀ, ਮੋਰਨੀ ਆਦਿ।

ਆਓ, ਹੁਣ ਅਸੀਂ ਪੰਨਾ ਨੰਬਰ- 37 'ਤੇ ਦਿੱਤੀ ਤਸਵੀਰ ਨੂੰ ਪੜ੍ਹੀਏ ਅਤੇ ਪੁਲਿੰਗ, ਇਸਤਰੀ-ਲਿੰਗ ਸ਼ਬਦਾਂ ਨੂੰ ਹੋਰ ਚੰਗੀ ਤਰ੍ਹਾਂ ਸਮਝੀਏ। ਸਾਰੇ ਵਿਦਿਆਰਥੀ ਇਸ ਚਿੱਤਰ ਨੂੰ ਧਿਆਨ ਨਾਲ ਵੇਖਣ ਅਤੇ ਸਮਝ ਕੇ ਪੜ੍ਹਨ ਦੀ ਕੋਸ਼ਿਸ਼ ਕਰਨ। ਆਓ, ਪੰਨਾ ਨੰਬਰ 37 'ਤੇ ਦਿੱਤੇ ਪਰਿਵਾਰਕ-ਰੁੱਖ ਨੂੰ ਪੜ੍ਹੀਏ।





ਹੁਣ ਵਿਦਿਆਰਥੀ ਕੁਝ ਮਿੰਟ ਇਸ ਪਾਠ ਨੂੰ ਰੋਕਕੇ ਪਹਿਲਾਂ ਇਸ ਚਿੱਤਰ ਦਾ ਅਧਿਐਨ ਕਰਨ ਅਤੇ ਇਹਨਾਂ ਲਿੰਗ ਸ਼ਬਦਾਂ ਨੂੰ ਆਪਣੀਆਂ ਕਾਪੀਆਂ ਵਿੱਚ ਲਿਖਣ।


Tender Heart High School Class-V (Punjabi)


Chapter- 9 Gurpreet Kaur


ਆਓ, ਹੁਣ ਪੰਨਾ ਨੰਬਰ - ੩੮ ਤੇ ਦਿੱਤੇ ਅਭਿਆਸ ਨੂੰ ਹੱਲ ਕਰੀਏ।

★ ਤਸਵੀਰ ਵਿੱਚ ਦਿਖਾਏ ਜਾਨਵਰਾਂ ਤੇ ਪੰਛੀਆਂ ਦੇ ਨਾਂ ਲਿਖੋ।

1) 

2) 

3) 


4) 

1. ਬਲਦ
2. ਮੋਰ
3. ਮੁਰਗਾ
4. ਬਾਂਦਰ

★ ਤਸਵੀਰ ਵਿੱਚ ਦਿਖਾਏ ਜਾਨਵਰਾਂ ਤੇ ਪੰਛੀਆਂ ਦੇ ਨਾਂ ਲਿਖੋ—

1) 

2) 

3) 

4) 

1) ਬਾਂਦਰੀ
2. ਮੁਰਗੀ
3. ਗਾਂ
4. ਮੋਰਨੀ

ਸਾਰੇ ਵਿਦਿਆਰਥੀ ਇਸ ਪਾਠ ਨੂੰ ਚੰਗੀ ਤਰ੍ਹਾਂ ਪੜ੍ਹਨ ਅਤੇ ਸਮਝ ਕੇ ਕਾਪੀਆਂ ਵਿੱਚ ↓ ਲਿਖਣ। ਧੰਨਵਾਦ।

Page- 39

Last page- ③